# ताला मेरियाँ मुकदरां नू ला के

( ਮੈਨੂੰ ਹੋਰ ਨਾ, ਅਜ਼ਮਾ ਮਈਆ,
ਮੈਂ ਇੱਕ ਦਿਨ, ਮੁੱਕਦਿਆਂ ਮੁੱਕਦਿਆਂ ਮੁੱਕ ਜਾਣਾ ।
ਤੇਰੀ ਦੀਦ ਲਈ, ਰੋਂਦੇ ਦਿਲ ਨੇ,
ਮਾਂ ਇੱਕ ਦਿਨ, ਧੜਕਣੋਂ ਰੁੱਕ ਜਾਣਾ ॥ )

ਤਾਲਾ ਮੇਰਿਆਂ, ਮੁਕੱਦਰਾਂ ਨੂੰ ਲਾ ਕੇ,
ਬੜਾ ਹੀ ਤੜਫਾ ਕੇ,
ਮਾਂ, ਕਿੱਥੇ ਤੂੰ ਲੁਕੋਈਆਂ ਚਾਬੀਆਂ ॥
*ਦੁੱਖੀ ਬੱਚੜੇ ਨੂੰ, ਦੱਸ ਵੀ ਜਾ ਆ ਕੇ ॥,
ਰਹਿਮ ਜ਼ਰਾ ਖਾ ਕੇ,
ਮਾਂ, ਕਿੱਥੇ ਤੂੰ* 'ਲੁਕੋਈਆਂ ਚਾਬੀਆਂ ॥',,,
ਤਾਲਾ ਮੇਰਿਆਂ, ਮੁਕੱਦਰਾਂ ਨੂੰ,,,,,,,,,,

ਜਪੀ ਤੇਰੇ ਨਾਮ ਦੀ ਮੈਂ, ਮਾਲਾ ਅੱਠੇ ਪਹਿਰ ਮਾਂ,
ਫੇਰ ਕਿਓਂ ਮੈਂ ਪੀਤਾ ਸਦਾ, ਆਫ਼ਤਾਂ ਦਾ ਜ਼ਹਿਰ ਮਾਂ ॥
*ਤੇਰੀ ਮੂਰਤੀ ਨੂੰ, ਪੁੱਛਾਂ ਮੈਂ ਹਿਲਾ ਕੇ ॥,
ਬੜਾ ਹੀ ਘਬਰਾ ਕੇ,
ਮਾਂ, ਕਿੱਥੇ ਤੂੰ* 'ਲੁਕੋਈਆਂ ਚਾਬੀਆਂ ॥',,,
ਤਾਲਾ ਮੇਰਿਆਂ, ਮੁਕੱਦਰਾਂ ਨੂੰ,,,,,,,,,,

ਤੇਰਾ ਏ ਦੀਵਾਨਾ ਮਾਂਏਂ, ਕਦੋ ਤੱਕ ਰੋਏਗਾ,
"ਮੇਰੇ ਇਮਤਿਹਾਨਾਂ ਦਾ ਮਾਂ, ਅੰਤ ਕਦੋ ਹੋਏਗਾ" ॥
*ਨਿੱਤ ਨਵੀਂਆਂ, ਮੁਸੀਬਤਾਂ 'ਚ ਪਾ ਕੇ ॥,
ਕਹਿਰ ਬਰਸਾ ਕੇ,
ਮਾਂ, ਕਿੱਥੇ ਤੂੰ* 'ਲੁਕੋਈਆਂ ਚਾਬੀਆਂ ॥',,,
ਤਾਲਾ ਮੇਰਿਆਂ, ਮੁਕੱਦਰਾਂ ਨੂੰ,,,,,,,,,,

ਆਸਰਾ ਬੇ-ਆਸਰੇ ਨੂੰ, ਦੇਣਾ ਜੀਹਦਾ ਕੰਮ ਏ,
ਕਿਓਂ ਨਿਰਦੋਸ਼ਾਂ ਦਾ ਤੂੰ, ਲਾਹੀ ਜਾਂਦੀ ਚੰਮ ਏ ॥
*ਕਹਿਣਾ ਪੈ ਗਿਆ ਏ, ਹੰਝੂ ਬਰਸਾ ਕੇ ॥,
ਦਵਾਰੇ ਤੇਰੇ ਆ ਕੇ,
ਮਾਂ, ਕਿੱਥੇ ਤੂੰ* 'ਲੁਕੋਈਆਂ ਚਾਬੀਆਂ ॥',,,
ਤਾਲਾ ਮੇਰਿਆਂ, ਮੁਕੱਦਰਾਂ ਨੂੰ,,,,,,,,,,

ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/27770/title/tala-meriya-mukadra-nu-laa-ke

अपने Android मोबाइल पर BhajanGanga App डाउनलोड करें और भजनों का आनंद ले |